ਤੁਹਾਡੇ ਬੱਚੇ ਦਾ ਆਮ ਐਨੱਸਥੈਟਿਕ

ਇਹ ਪਰਚਾ ਦੱਸਦਾ ਹੈ ਕਿ ਜਦੋਂ ਤੁਹਾਡਾ ਬੱਚਾ ਜਾਂ ਨੌਜਵਾਨ ਆਮ ਐਨੱਸਥੈਟਿਕ ਰਾਹੀਂ ਕੋਈ ਆਪਰੇਸ਼ਨ ਕਰਾਉਣ ਲਈ ਹਸਪਤਾਲ ਵਿਚ ਦਾਖਲ ਹੁੰਦਾ ਹੈ ਤਾਂ ਉਸ ਮੌਕੇ ਕੀ ਹੋਵੇਗਾ। ਇਸਨੂੰ ਐਨੱਸਥੈਟਿਕ ਡਾਕਟਰਾਂ ਨੇ ਮਰੀਜ਼ਾਂ ਦੇ ਨੁਮਾਇੰਦਿਆਂ, ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨਾਲ ਮਿਲ ਕੇ ਲਿਖਿਆ ਹੈ।

ਵਿਸ਼ਾ-ਸੂਚੀ

ਇਹ ਪਰਚਾ ਇਹਨਾਂ ਚੀਜ਼ਾਂ ਬਾਰੇ ਦੱਸਦਾ ਹੈ:

- ਐਨੱਸਥੀਜ਼ੀਆ ਅਤੇ ਤੁਹਾਡੇ ਬੱਚੇ ਦੀ ਦੇਖਭਾਲ ਕਰਨ ਵਾਲੀ ਟੀਮ ਬਾਰੇ ਆਮ ਜਾਣਕਾਰੀ
- ਆਪਣੇ ਬੱਚੇ ਨੂੰ ਆਪਰੇਸ਼ਨ ਲਈ ਕਿਵੇਂ ਤਿਆਰ ਕੀਤਾ ਜਾਵੇ
- ਬੱਚਿਆਂ ਅਤੇ ਨੌਜਵਾਨਾਂ ਲਈ ਜਾਣਕਾਰੀ ਦੇ ਸ੍ਰੋਤ ਕਿੱਥੋਂ ਪ੍ਰਾਪਤ ਕਰੀਏ
- ਆਪਰੇਸ਼ਨ ਤੋਂ ਪਹਿਲਾਂ ਕੀ ਹੁੰਦਾ ਹੈ
- ਆਪਰੇਸ਼ਨ ਵਾਲੇ ਦਿਨ ਕੀ ਹੁੰਦਾ ਹੈ
- ਆਪਰੇਸ਼ਨ ਤੋਂ ਬਾਅਦ ਕੀ ਹੁੰਦਾ ਹੈ
- ਜੋਖਮ ਅਤੇ ਸਾਂਝੇ ਫੈਸਲੇ ਲੈਣਾ

ਐਨੱਸਥੀਜ਼ੀਆ ਬਾਰੇ

ਇੱਕ ਆਮ ਐਨੱਸਥੀਜ਼ੀਆ ਇਹ ਯਕੀਨੀ ਬਣਾਉਂਦਾ ਹੈ ਕਿ ਤੁਹਾਡਾ ਬੱਚਾ ਆਪਰੇਸ਼ਨ ਜਾਂ ਪ੍ਰਕਿਰਿਆ ਦੇ ਦੌਰਾਨ ਡੂੰਘੀ ਨੀਂਦ ਵਰਗੀ ਹਾਲਤ ਵਿੱਚ ਅਤੇ ਦਰਦ ਤੋਂ ਮੁਕਤ ਹੋਵੇ।

ਐਨੱਸਥੈਟਿਕਸ ਉਹ ਦਵਾਈਆਂ ਹੁੰਦੀਆਂ ਹਨ ਜੋ ਐਨੱਸਥੀਜ਼ੀਆ ਸ਼ੁਰੂ ਕਰਨ ਅਤੇ ਇਸਨੂੰ ਕਾਇਮ ਰੱਖਣ ਲਈ ਵਰਤੀਆਂ ਜਾਂਦੀਆਂ ਹਨ।

- ਕੁਝ ਐਨੱਸਥੈਟਿਕ ਦਵਾਈਆਂ ਦੀ ਸ਼ੁਰੂਆਤ ਕੈਨਿਉਲਾ ਦੇ ਨਾਮ ਨਾਲ ਜਾਣੀ ਜਾਂਦੀ ਪਲਾਸਟਿਕ ਟਿਊਬ ਦਾ ਇਸਤੇਮਾਲ ਕਰਦਿਆਂ ਦਵਾਈ ਨੂੰ ਨਸ ਵਿੱਚ ਪਾਉਣ ਨਾਲ ਹੁੰਦੀ ਹੈ।
- ਹੋਰ ਐਨੱਸਥੈਟਿਕ ਦਵਾਈਆਂ ਦੀ ਸ਼ੁਰੂਆਤ ਨੱਕ ਅਤੇ ਮੂੰਹ ਉੱਪਰ ਇੱਕ ਮਾਸਕ ਰਾਹੀਂ ਗੈਸ ਦੇ ਸਾਹ ਰਾਹੀਂ ਅੰਦਰ ਜਾਣ ਨਾਲ ਹੁੰਦੀ ਹੈ। ਕੈਨਿਉਲਾ ਆਮ ਤੌਰ 'ਤੇ ਉਦੋਂ ਪਾਇਆ ਜਾਂਦਾ ਹੈ ਜਦੋਂ ਬੱਚਾ ਸੌਂ ਗਿਆ ਹੋਵੇ।
- ਐਨੱਸਥੈਟਿਕ ਨੂੰ ਜਾਂ ਤਾਂ ਲਗਾਤਾਰ ਗੈਸ ਸੁੰਘਾ ਕੇ ਜਾਂ ਕੈਨਿਉਲਾ ਰਾਹੀਂ ਐਨੱਸਥੈਟਿਕ ਦੇ ਕੇ ਜਾਂ ਦੋਵੇਂ ਤਰੀਕਿਆਂ ਨੂੰ ਮਿਲਾ ਕੇ ਕਾਇਮ ਰੱਖਿਆ ਜਾ ਸਕਦਾ ਹੈ।

ਐਨੱਸਥੀਟਿਸਟ ਉਹ ਮਾਹਰ ਡਾਕਟਰ ਹੁੰਦੇ ਹਨ ਜੋ ਐਨੱਸਥੈਟਿਕ ਦਿੰਦੇ ਹਨ ਅਤੇ ਸਰਜਰੀ ਅਤੇ ਰਿਕਵਰੀ ਦੇ ਦੌਰਾਨ ਤੁਹਾਡੇ ਬੱਚੇ ਦੀ ਸਿਹਤ ਦੀ ਦੇਖਭਾਲ ਕਰਦੇ ਹਨ। ਉਹ ਸਰਜਰੀ ਤੋਂ ਬਾਅਦ ਵੀ ਤੁਹਾਡੇ ਬੱਚੇ ਨੂੰ ਦਰਦ ਤੋਂ ਰਾਹਤ ਦਿਵਾਉਣ ਵਿੱਚ ਨੇੜਿਓਂ ਸ਼ਾਮਲ ਹੁੰਦੇ ਹਨ।

ਆਪਰੇਸ਼ਨ ਤੋਂ ਪਹਿਲਾਂ ਮੁਲਾਂਕਣ ਵਾਲਾ ਕਲੀਨਿਕ (Preoperative assessment clinic)/ਟੈਲੀਫੋਨ ਸਕ੍ਰੀਨਿੰਗ

ਹਸਪਤਾਲ ਤੋਂ ਇੱਕ ਨਰਸ ਸਰਜਰੀ ਤੋਂ ਪਹਿਲਾਂ ਵਾਲੇ ਦਿਨ ਤੁਹਾਡੇ ਤੋਂ ਬੱਚੇ ਦੀ ਸਿਹਤ ਸਬੰਧੀ ਅਤੇ ਦਵਾਈ ਸਬੰਧੀ ਵੇਰਵਾ ਲੈਣ ਲਈ ਤੁਹਾਡੇ ਨਾਲ ਸੰਪਰਕ ਕਰ ਸਕਦੀ ਹੈ। ਜੇਕਰ ਜ਼ਰੂਰੀ ਹੋਇਆ, ਤਾਂ ਇਸ ਨਾਲ ਆਪਰੇਸ਼ਨ ਵਾਲੇ ਦਿਨ ਤੋਂ ਪਹਿਲਾਂ ਉਹਨਾਂ ਨੂੰ ਵਾਧੂ ਟੈਸਟ ਜਾਂ ਯੰਤਰਾਂ ਦਾ ਪ੍ਰਬੰਧ ਕਰਨ ਲਈ ਸਮਾਂ ਮਿਲ ਜਾਂਦਾ ਹੈ।

ਕਈ ਹਸਪਤਾਲ ਬੱਚਿਆਂ ਨੂੰ ਸੱਦਾ ਦੇਣਗੇ, ਖਾਸ ਕਰਕੇ ਉਹ ਜੋ ਲੰਬੇ ਸਮੇਂ ਤੋਂ ਬਿਮਾਰ ਹੋਣ ਜਾਂ ਜਿਹਨਾਂ ਦੀ ਵੱਡੀ ਸਰਜਰੀ ਹੋਣੀ ਹੋਵੇ, ਤਾਂਕਿ ਉਹ ਆਪਰੇਸ਼ਨ ਤੋਂ ਪਹਿਲਾਂ ਵਾਲੇ ਮੁਲਾਂਕਣ ਕਲੀਨਿਕ ਵਿੱਚ ਹਾਜ਼ਰ ਹੋ ਸਕਣ। ਇੱਥੇ ਉਹ ਤੁਹਾਡੇ ਬੱਚੇ ਦੀ ਸਿਹਤ, ਦਵਾਈਆਂ ਅਤੇ ਅਲਰਜੀਆਂ ਬਾਰੇ ਪੁੱਛਣਗੇ। ਉਹ ਸਰਜਰੀ ਤੋਂ ਪਹਿਲਾਂ ਕਿਸੇ ਵੀ ਇਨਫ਼ੈਕਸ਼ਨ ਦੀ ਜਾਂਚ ਲਈ ਚਮੜੀ ਤੋਂ ਰੂੰ ਦੇ ਫੰਬੇ ਨਾਲ ਇੱਕ ਨਮੂਨਾ ਲੈਣਗੇ (ਚਮੜੀ ਨੂੰ ਹੌਲੀ ਜਿਹੇ ਡੱਕੇ 'ਤੇ ਲਪੇਟੀ ਹੋਈ ਨਰਮ ਰੂੰ ਨਾਲ ਰਗੜਿਆ ਜਾਵੇਗਾ) ਅਤੇ ਜ਼ਰੂਰਤ ਪੈਣ 'ਤੇ ਖ਼ੂਨ ਦੀ ਜਾਂਚ ਕਰ ਸਕਦੇ ਹਨ।

ਤੁਸੀਂ ਕਿਸੇ ਐਨੱਸਥੈਟਿਕ ਡਾਕਟਰ ਨਾਲ ਵੀ ਮਿਲ ਸਕਦੇ ਹੋ ਜੋ ਐਨੱਸਥੈਟਿਕ (ਬੇਹੋਸ਼ ਕਰਨ ਲਈ) ਵਿਕਲਪਾਂ ਅਤੇ ਕੋਈ ਵਿਸ਼ੇਸ਼ ਜੋਖਮਾਂ 'ਤੇ ਵਿਚਾਰ ਕਰ ਸਕਦੇ ਹਨ। ਐਨੱਸਥੈਟਿਕ ਡਾਕਟਰ ਜਾਂ ਪ੍ਰੀ-ਅਸੈਸਮੈਂਟ ਕਰਨ ਵਾਲੀ ਨਰਸ ਆਮ ਤੌਰ 'ਤੇ ਤੁਹਾਨੂੰ ਐਨੱਸਥੈਟਿਕ ਦਵਾਈਆਂ ਜਾਂ ਟੀਕਿਆਂ ਨਾਲ ਤੁਹਾਡੇ ਬੱਚੇ ਦੇ ਪਿਛਲੇ ਤਜਰਬਿਆਂ ਬਾਰੇ ਪੁੱਛੇਗੀ, ਉਦਾਹਰਣ ਲਈ ਟੀਕਾਕਰਣਾਂ ਬਾਰੇ। ਅਕਸਰ ਕਈ ਵਾਰ ਡਾਕਟਰੀ ਕਾਰਨਾਂ ਕਰਕੇ ਇੱਕ ਕਿਸਮ ਦਾ ਐਨੱਸਥੈਟਿਕ ਦੂਜੇ ਨਾਲੋਂ ਬਿਹਤਰ ਹੋ ਸਕਦਾ ਹੈ। ਉਹ ਤੁਹਾਡੇ ਨਾਲ ਚਰਚਾ ਕਰਨਗੇ ਕਿ ਉਹ ਐਨੱਸਥੈਟਿਕ ਸ਼ੁਰੂ ਕਰਨ ਲਈ ਕਿਹੋ ਜਿਹੇ ਤਰੀਕੇ ਦਾ ਸੁਝਾਅ ਦਿੰਦੇ ਹਨ ਅਤੇ ਇਸ ਦੇ ਕਾਰਨ ਕੀ ਹਨ।

ਤੁਹਾਡੇ ਨਾਲ ਚਰਚਾ ਕਰਨ ਤੋਂ ਬਾਅਦ, ਇੱਕ ਯੋਜਨਾ 'ਤੇ ਸਹਿਮਤੀ ਬਣਾਈ ਜਾਵੇਗੀ। ਕਈ ਵਾਰ ਯੋਜਨਾ ਨੂੰ ਬਦਲਣਾ ਪੈ ਸਕਦਾ ਹੈ, ਇਹ ਆਪਰੇਸ਼ਨ ਵਾਲੇ ਦਿਨ ਤੁਹਾਡੇ ਬੱਚੇ ਦੀ ਪ੍ਰਤੀਕਿਰਿਆ ਅਤੇ ਹੁੰਗਾਰੇ 'ਤੇ ਨਿਰਭਰ ਕਰਦਾ ਹੈ।

ਤੁਸੀਂ ਸਰਜਰੀ ਵਾਲੇ ਦਿਨ ਜਾਂ ਇਸ ਤੋਂ ਪਹਿਲਾਂ ਕਿਸੇ ਵੀ ਸਮੇਂ ਕਿਸੇ ਮਸਲੇ ਬਾਰੇ ਦੱਸ ਸਕਦੇ ਹੋ।

ਆਪਣੇ ਬੱਚੇ ਨੂੰ ਤਿਆਰ ਕਰਨਾ

ਤੁਸੀਂ ਆਪਣੇ ਬੱਚੇ ਨੂੰ ਹਸਪਤਾਲ ਵਿੱਚ ਆਉਣ ਵਾਸਤੇ ਤਿਆਰ ਕਰਨ ਲਈ ਕਈ ਚੀਜ਼ਾਂ ਕਰ ਸਕਦੇ ਹੋ। ਜੇਕਰ ਤੁਹਾਡਾ ਬੱਚਾ ਬਹੁਤ ਛੋਟਾ ਨਹੀਂ ਹੈ, ਤਾਂ ਤੁਸੀਂ ਕੋਸ਼ਿਸ਼ ਕਰੋ ਅਤੇ ਸਮਝਾਓ:

- ਕਿ ਉਹ ਹਸਪਤਾਲ ਜਾ ਰਿਹਾ ਹੈ
- ਕਿ ਉਸ ਦਾ ਆਪਰੇਸ਼ਨ ਜਾਂ ਜਾਂਚ ਕੀਤੀ ਜਾਏਗੀ
- ਇਸ ਬਾਰੇ ਕੁਝ ਬੁਨਿਆਦੀ ਜਾਣਕਾਰੀ ਦਿਓ ਕਿ ਹਸਪਤਾਲ ਵਿੱਚ ਹੋਣ ਦੌਰਾਨ ਉਸ ਨਾਲ ਕੀ ਵਾਪਰੇਗਾ।

ਇਹ ਜਾਣਕਾਰੀ ਦੇਣ ਲਈ ਸਭ ਤੋਂ ਵਧੀਆ ਸਮਾਂ ਵੱਖ-ਵੱਖ ਬੱਚਿਆਂ ਲਈ ਵੱਖ-ਵੱਖ ਹੁੰਦਾ ਹੈ। ਪ੍ਰੀ-ਸਕੂਲ ਦੇ ਬੱਚਿਆਂ ਨੂੰ ਸ਼ਾਇਦ ਸਿਰਫ ਇੱਕ ਦਿਨ ਪਹਿਲਾਂ ਹੀ ਇਸਦੀ ਜਾਣਕਾਰੀ ਹੋਣੀ ਚਾਹੀਦੀ ਹੈ। ਵੱਡੇ ਬੱਚਿਆਂ ਨੂੰ ਹੋਰ ਸਮਾਂ ਚਾਹੀਦਾ ਹੋ ਸਕਦਾ ਹੈ।

ਵੱਖ-ਵੱਖ ਉਮਰ ਦੇ ਬੱਚਿਆਂ ਲਈ ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਪਰਚੇ ਦੀ ਕਾਪੀ ਲਈ ਕਿਰਪਾ ਕਰਕੇ ਸਾਡੀ ਵੈੱਬਸਾਈਟ ਵੇਖੋ: www.rcoa.ac.uk/patientinfo/translations#languages ਹੋਰ ਜਾਣਕਾਰੀ ਬ੍ਰਿਟੇਨ ਅਤੇ ਆਇਰਲੈਂਡ ਦੇ ਪੀਡੀਆਟ੍ਰਿਕ ਐਨੱਸਥੀਟਿਸਟਾਂ ਦੀ ਐਸੋਸੀਏਸ਼ਨ 'ਤੇ ਵੀ ਉਪਲਬਧ ਹੈ: www.apagbi.org.uk/children-and-young-people

ਕੁਝ ਹਸਪਤਾਲ ਆਪਰੇਸ਼ਨ ਤੋਂ ਇੱਕ ਦਿਨ ਪਹਿਲਾਂ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਬੱਚਿਆਂ ਦੇ ਸਰਜਿਕਲ ਵਾਰਡ ਜਾਂ ਐਨੱਸਥੈਟਿਕ ਕਮਰੇ ਵਿਚ ਜਾਣ ਦਾ ਮੌਕਾ ਦਿੰਦੇ ਹਨ। ਇਹ ਤੁਹਾਡੇ ਬੱਚੇ ਨੂੰ ਤਿਆਰ ਕਰਨ ਅਤੇ ਚਿੰਤਾ ਘਟਾਉਣ ਵਿਚ ਸਹਾਇਤਾ ਕਰਨ ਦਾ ਇਕ ਵਧੀਆ ਤਰੀਕਾ ਹੈ। ਕੁਝ ਹਸਪਤਾਲ ਐਪਾਂ ਅਤੇ ਵੀਡੀਓਜ਼ ਰਾਹੀਂ ਵਰਚੁਅਲ ਟੂਰ ਵੀ ਪੇਸ਼ ਕਰਦੇ ਹਨ।

ਕਈ ਹਸਪਤਾਲਾਂ ਵਿੱਚ ਪਲੇ-ਥੈਰੇਪੀ ਟੀਮ ਹੁੰਦੀ ਹੈ ਜੋ ਖੇਡ ਰਾਹੀਂ ਵਿਆਖਿਆ ਅਤੇ ਚਰਚਾ ਨੂੰ ਉਤਸ਼ਾਹਿਤ ਕਰ ਸਕਦੀ ਹੈ।

ਆਪਣੇ ਬੱਚੇ ਨੂੰ ਕੀ ਕਹਿਣਾ ਚਾਹੀਦਾ ਹੈ

- ਸਮਝਾਓ ਕਿ ਆਪਰੇਸ਼ਨ ਜਾਂ ਟੈਸਟ ਤੁਹਾਡੇ ਬੱਚੇ ਨੂੰ ਸਿਹਤਮੰਦ ਹੋਣ ਜਾਂ ਕਿਸੇ ਮੌਜੂਦਾ ਡਾਕਟਰੀ ਸਥਿਤੀ ਵਿੱਚ ਸੁਧਾਰ ਲਿਆਉਣ ਵਿੱਚ ਮਦਦ ਕਰੇਗਾ।
- ਆਪਣੇ ਬੱਚੇ ਨੂੰ ਆਪਰੇਸ਼ਨ ਬਾਰੇ ਗੱਲ ਕਰਨ ਅਤੇ ਪ੍ਰਸ਼ਨ ਪੁੱਛਣ ਲਈ ਉਤਸ਼ਾਹਿਤ ਕਰੋ। ਕਿਤਾਬਾਂ, ਖੇਡਾਂ ਅਤੇ ਕਹਾਣੀਆਂ ਇਸ ਵਿੱਚ ਮਦਦ ਕਰ ਸਕਦੀਆਂ ਹਨ।
- ਆਪਣੇ ਬੱਚੇ ਨੂੰ ਇਸਦੇ ਸਮੇਂ ਬਾਰੇ ਦੱਸੋ। ਉਹਨਾਂ ਦਾ ਆਪਰੇਸ਼ਨ ਜਾਂ ਜਾਂਚ ਕਦੋਂ ਹੋਵੇਗੀ? ਉਹ ਹਸਪਤਾਲ ਵਿੱਚ ਕਿੰਨਾ ਸਮਾਂ ਰਹਿਣਗੇ (ਜੇਕਰ ਤੁਹਾਨੂੰ ਇਸ ਬਾਰੇ ਪਤਾ ਹੈ)?
- ਜੇ ਤੁਹਾਡਾ ਬੱਚਾ ਹਸਪਤਾਲ ਵਿੱਚ ਰਾਤ ਰਹੇਗਾ, ਤਾਂ ਉਸ ਨੂੰ ਦੱਸੋ ਕਿ ਤੁਸੀਂ ਵੀ ਉਸ ਦੇ ਨਾਲ ਰਹਿ ਸਕੋਗੇ ਜਾਂ ਨਹੀਂ। ਜੇ ਤੁਹਾਨੂੰ ਇਹ ਜਾਣਕਾਰੀ ਨਹੀਂ ਹੈ ਕਿ ਇਹ ਸੰਭਵ ਹੈ ਜਾਂ ਨਹੀਂ, ਤਾਂ ਤੁਸੀਂ ਹਸਪਤਾਲ ਨੂੰ ਕਾਲ ਕਰਕੇ ਪੱਕਾ ਕਰ ਸਕਦੇ ਹੋ।

ਹਸਪਤਾਲ ਵਿੱਚ ਕੀ ਲੈ ਕੇ ਜਾਣਾ ਚਾਹੀਦਾ ਹੈ

ਤੁਹਾਡੇ/ਤੁਹਾਡੀ ਨਰਸ ਤੋਂ ਤੁਹਾਨੂੰ ਇਹ ਸਲਾਹ ਮਿਲ ਸਕਦੀ ਹੈ ਕਿ ਤੁਹਾਨੂੰ ਹਸਪਤਾਲ ਵਿੱਚ ਕੀ ਲੈ ਕੇ ਜਾਣਾ ਚਾਹੀਦਾ ਹੈ, ਪਰ ਕਿਰਪਾ ਕਰਕੇ ਇਹ ਚੀਜ਼ਾਂ ਲੈ ਕੇ ਆਓ:

- ਆਪਣੀ ਅਸਲ ਪੈਕੇਜਿੰਗ ਵਿੱਚ, ਕੋਈ ਵੀ ਨਿਯਮਿਤ ਦਵਾਈ, ਜੋ ਤੁਹਾਡਾ ਬੱਚਾ ਆਮ ਤੌਰ 'ਤੇ ਲੈਂਦਾ ਹੈ
- ਪਜਾਮੇ, ਸਲਿੱਪਰ, ਵਾਧੂ ਕਪੜੇ, ਅੰਡਰਵੀਅਰ ਜਾਂ ਨੈਪੀਆਂ
- ਟੂਥਬ੍ਰੱਸ਼, ਟੂਥਪੇਸਟ, ਕੰਘੀ ਅਤੇ ਨਿੱਜੀ ਸਾਫ਼-ਸਫ਼ਾਈ ਵਾਲੀਆਂ ਚੀਜ਼ਾਂ
- ਪਸੰਦੀਦਾ ਟੈਡੀ ਜਾਂ ਖਿਡੌਣਾ
- ਕਿਤਾਬ ਜਾਂ ਡ੍ਰਾਇੰਗ ਪੈਡ
- ਮੋਬਾਈਲ ਫ਼ੋਨ ਅਤੇ ਇਲੈਕਟ੍ਰਾਨਿਕ ਯੰਤਰ ਪਰ ਚਾਰਜਰ ਅਤੇ ਹੈੱਡਫ਼ੋਨ ਨਾਲ।

ਬੱਚਿਆਂ ਨੂੰ ਅਕਸਰ ਇਹ ਫੈਸਲਾ ਕਰਨ ਵਿੱਚ ਮਜ਼ਾ ਆਉਂਦਾ ਹੈ ਕਿ ਕੀ ਪੈਕ ਕਰਨਾ ਹੈ, ਪਰ ਵਧੀਆ ਇਹ ਰਹਿੰਦਾ ਹੈ ਕਿ ਬਹੁਤ ਸਾਰੇ ਖਿਡੌਣਿਆਂ ਨੂੰ ਸ਼ਾਮਲ ਨਾ ਕੀਤਾ ਜਾਵੇ ਕਿਉਂਕਿ ਹਸਪਤਾਲ ਦੁਆਰਾ ਅਕਸਰ ਖਿਡੌਣੇ ਅਤੇ ਗਤੀਵਿਧੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਸਰਜਰੀ ਤੋਂ ਐਨ ਪਹਿਲਾਂ ਤਬੀਅਤ ਠੀਕ ਨਹੀਂ ਹੈ?

ਜੇਕਰ ਤੁਹਾਡੇ ਬੱਚੇ ਨੂੰ ਆਪਰੇਸ਼ਨ ਦੇ ਦੋ ਹਫ਼ਤਿਆਂ ਦੇ ਅੰਦਰ ਖੰਘ ਜਾਂ ਜ਼ੁਕਾਮ, ਜਾਂ ਆਪਰੇਸ਼ਨ ਵਾਲੇ ਦਿਨ ਦੇ ਕੁਝ ਦਿਨਾਂ ਦੇ ਅੰਦਰ ਦਸਤ ਜਾਂ ਉਲਟੀਆਂ ਲੱਗ ਜਾਣ, ਤਾਂ ਤੁਹਾਨੂੰ ਹਸਪਤਾਲ ਨੂੰ ਫ਼ੋਨ ਕਰਨਾ ਚਾਹੀਦਾ ਹੈ। ਜਦੋਂ ਤਕ ਤੁਹਾਡਾ ਬੱਚਾ ਸਿਹਤਯਾਬ ਨਹੀਂ ਹੁੰਦਾ ਆਪਰੇਸ਼ਨ ਵਿਚ ਦੇਰੀ ਕਰਨ ਦੀ ਲੋੜ ਪੈ ਸਕਦੀ ਹੈ।

ਖੰਘ ਅਤੇ ਜ਼ੁਕਾਮ ਦੇ ਕਾਰਨ ਬੱਚਿਆਂ ਨੂੰ, ਖਾਸ ਤੌਰ 'ਤੇ ਛੋਟੀ ਉਮਰ ਦੇ ਬੱਚਿਆਂ ਨੂੰ, ਐਨੱਸਥੈਟਿਕ (ਬੇਹੋਸ਼ ਕਰਨ ਵਾਲੀ ਦਵਾਈ) ਦੇ ਕਾਰਨ ਸਾਹ ਲੈਣ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹਨਾਂ ਨਾਲ ਬੱਚਿਆਂ ਨੂੰ ਛਾਤੀ ਦੇ ਇਨਫੈਕਸ਼ਨ ਦਾ ਵੀ ਵੱਧ ਜੋਖਮ ਹੋ ਸਕਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਜੇ ਤੁਹਾਡਾ ਬੱਚਾ ਬਿਮਾਰ ਹੈ ਤਾਂ ਤੁਸੀਂ ਹਸਪਤਾਲ ਦੇ ਕਰਮਚਾਰੀਆਂ ਨੂੰ ਇਸ ਬਾਰੇ ਦੱਸੋ।

ਜੇ ਤੁਹਾਡਾ ਬੱਚਾ ਹਾਲ ਹੀ ਵਿੱਚ ਛੋਟੀ ਮਾਤਾ (ਚਿਕਨਪੌਕਸ), ਖਸਰਾ (ਮੀਜ਼ਲਜ਼) ਜਾਂ ਹੋਰ ਇਨਫੈਕਸ਼ਨਾਂ ਦੇ ਸੰਪਰਕ ਵਿੱਚ ਰਿਹਾ ਹੈ ਤਾਂ ਵੀ ਤੁਹਾਨੂੰ ਇਸ ਦੀ ਜਾਣਕਾਰੀ ਹਸਪਤਾਲ ਦੇ ਕਰਮਚਾਰੀਆਂ ਨੂੰ ਜ਼ਰੂਰ ਦੇਣੀ ਚਾਹੀਦੀ ਹੈ।

ਹਾਲ ਹੀ ਵਿੱਚ ਹੋਇਆ ਟੀਕਾਕਰਣ ਆਮ ਤੌਰ 'ਤੇ ਐਨੱਸਥੈਟਿਕ (ਬੇਹੋਸ਼ੀ ਦੀ ਦਵਾਈ) ਲੈਣ ਵਾਲੇ ਬੱਚਿਆਂ ਲਈ ਕੋਈ ਸਮੱਸਿਆ ਨਹੀਂ ਹੁੰਦਾ ਪਰ ਜੇ ਸਰਜਰੀ ਤੋਂ ਇੱਕਦਮ ਪਹਿਲਾਂ ਤੇਜ਼ ਬੁਖਾਰ ਹੋ ਜਾਵੇ ਤਾਂ ਕਈ ਵਾਰ ਸਰਜਰੀ ਵਿੱਚ ਦੇਰੀ ਕਰਨਾ ਬਿਹਤਰ ਹੁੰਦਾ ਹੈ। ਇਹ ਬਹੁਤਾ ਆਮ ਨਹੀਂ ਹੈ, ਇਸ ਲਈ ਅਸੀਂ ਮਾਪਿਆਂ ਨੂੰ ਸਲਾਹ ਦੇਵਾਂਗੇ ਕਿ ਉਹ ਨਿਯਮਬੱਧ ਟੀਕਾਕਰਣਾਂ ਨੂੰ ਜਾਰੀ ਰੱਖਣ ਅਤੇ ਟੀਕਾਕਰਣਾਂ ਨੂੰ ਨਿਯਮਬੱਧ ਸਰਜਰੀ ਕਰਕੇ ਮੁਲਤਵੀ ਨਾ ਕਰਨ।

ਜੋਖਮ ਅਤੇ ਸਾਂਝੇ ਫੈਸਲੇ ਲੈਣਾ

ਆਧੁਨਿਕ ਐਨੱਸਥੈਟਿਕ ਦਵਾਈਆਂ ਦੇ ਨਾਲ ਸਾਧਾਰਨ ਤੌਰ ਤੇ ਗੰਭੀਰ ਸਮੱਸਿਆਵਾਂ ਨਹੀਂ ਹੁੰਦੀਆਂ। ਜ਼ਿਆਦਾਤਰ ਬੱਚੇ ਜਲਦੀ ਠੀਕ ਹੋ ਜਾਂਦੇ ਹਨ ਅਤੇ ਆਪਣੇ ਆਪਰੇਸ਼ਨ ਅਤੇ ਐਨੱਸਥੈਟਿਕ (ਬੇਹੋਸ਼ੀ ਦੀ ਦਵਾਈ) ਤੋਂ ਬਾਅਦ ਜਲਦੀ ਹੀ ਵਾਪਸ ਹੋਸ਼ ਵਿੱਚ ਆ ਜਾਂਦੇ ਹਨ। ਬਹੁਤੇ ਬੱਚੇ ਕਚਿਆਣ ਮਹਿਸੂਸ ਕਰ ਸਕਦੇ ਹਨ ਜਾਂ ਉਹਨਾਂ ਦਾ ਗਲੇ ਵਿੱਚ ਖਰਾਸ਼ ਹੋ ਸਕਦੀ ਹੈ। ਇਹ ਆਮ ਤੌਰ 'ਤੇ ਥੋੜ੍ਹੇ ਸਮੇਂ ਲਈ ਹੁੰਦਾ ਹੈ। ਉਲਟੀਆਂ ਅਤੇ ਕਚਿਆਣ ਦੇ ਇਲਾਜ ਲਈ ਦਵਾਈਆਂ ਉਪਲਬਧ ਹਨ ਅਤੇ ਅਕਸਰ ਦਿੱਤੀਆਂ ਜਾਂਦੀਆਂ ਹਨ।

ਆਮ ਐਨੱਸਥੈਟਿਕ ਲੈ ਰਹੇ ਬੱਚਿਆਂ ਅਤੇ ਨੌਜਵਾਨਾਂ ਨੂੰ **ਐਨੱਸਥੀਜ਼ੀਆ ਵਿੱਚ ਹੋਣ ਵਾਲੀਆਂ ਆਮ ਪਰੇਸ਼ਾਨੀਆਂ ਅਤੇ ਜੋਖਮਾਂ** ਬਾਰੇ ਵਧੇਰੀ ਜਾਣਕਾਰੀ ਸਾਡੀ ਵੈਬਸਾਈਟ ਤੋਂ ਮਿਲ ਸਕਦੀ ਹੈ, ਜੋ ਇਥੇ ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਹੈ:
www.rcoa.ac.uk/patientinfo/translations#languages

ਸਾਂਝੇ ਫੈਸਲੇ ਲੈਣਾ

ਸਾਂਝੇ ਤੌਰ ਤੇ ਫੈਸਲੇ ਲੈਣਾ ਇਹ ਯਕੀਨੀ ਬਣਾਉਂਦਾ ਹੈ ਕਿ ਹਰ ਕਿਸੇ ਨੂੰ ਆਪਣੇ ਵਾਸਤੇ ਸਹੀ ਫੈਸਲੇ ਲੈਣ ਵਿੱਚ ਸਹਿਯੋਗ ਮਿਲ ਸਕੇ। ਇਹ ਇੱਕ ਸਹਿਯੋਗ-ਪੂਰਨ ਪ੍ਰਕਿਰਿਆ ਹੈ ਜਿਸ ਦੁਆਰਾ ਡਾਕਟਰ ਕਿਸੇ ਮਰੀਜ਼ ਨੂੰ ਉਸਦੇ ਇਲਾਜ ਬਾਰੇ ਫੈਸਲੇ ਤੱਕ ਪਹੁੰਚਣ ਵਿੱਚ ਸਹਾਇਤਾ ਕਰਦਾ ਹੈ।

ਇਸ ਗੱਲਬਾਤ ਨਾਲ ਇਹ ਗੱਲਾਂ ਸਾਹਮਣੇ ਆਉਂਦੀਆਂ ਹਨ:

- ਡਾਕਟਰ ਦੀ ਮੁਹਾਰਤ, ਜਿਵੇਂ ਕਿ ਇਲਾਜ ਦੇ ਵਿਕਲਪ, ਸਬੂਤ, ਜੋਖਮ ਅਤੇ ਲਾਭ
- ਜੋ ਮਰੀਜ਼ ਸਭ ਤੋਂ ਚੰਗੀ ਤਰ੍ਹਾਂ ਜਾਣਦਾ ਹੈ: ਆਪਣੀਆਂ ਤਰਜੀਹਾਂ, ਨਿੱਜੀ ਹਾਲਾਤ, ਟੀਚੇ, ਕਦਰਾਂ-ਕੀਮਤਾਂ ਅਤੇ ਵਿਸ਼ਵਾਸ।

ਹੋਰ ਜਾਣਕਾਰੀ ਇੱਥੋਂ ਲਓ:www.england.nhs.uk/personalisedcare/shared-decision-making

ਇੱਥੇ ਕੁਝ ਸਾਧਨ ਹਨ ਜਿਨ੍ਹਾਂ ਦੀ ਵਰਤੋਂ ਤੁਸੀਂ ਆਪਣੇ ਐਨੱਸਥੀਟਿਸਟ ਜਾਂ ਆਪਰੇਸ਼ਨ ਤੋਂ ਪਹਿਲਾਂ ਦੇ ਮੁਲਾਂਕਣ (ਪ੍ਰੀਓਪਰੇਟਿਵ ਅਸੈੱਸਮੈਂਟ) ਦੇ ਸਟਾਫ ਨਾਲ ਆਪਣੀ ਚਰਚਾ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਕਰ ਸਕਦੇ ਹੋ:

ਸਮਝਦਾਰੀ ਨਾਲ ਚੋਣ ਕਰਨਾ UK BRAN ਫ਼੍ਰੇਮਵਰਕ

ਇਲਾਜ ਬਾਰੇ ਸਵਾਲ ਪੁੱਛਣ ਲਈ ਇੱਕ ਰਿਮਾਈਂਡਰ ਦੇ ਰੂਪ ਵਿੱਚ ਇਸਨੂੰ ਵਰਤੋ।
https://bit.ly/CWUK_leaflet

NHS ਤਿੰਨ ਸਵਾਲ ਪੁੱਛੋ

ਤੁਹਾਡੀ ਸਿਹਤ ਦੀ ਦੇਖਰੇਖ ਬਾਰੇ ਚੋਣ ਕਰਨ ਲਈ ਵਿਕਲਪ ਹੋ ਸਕਦੇ ਹਨ।
https://bit.ly/NHS_A3Qs

ਸੈਂਟਰ ਫ਼ਾਰ ਪੈਰੀਓਪਰੇਟਿਵ ਕੇਅਰ (Centre for Perioperative Care, CPOC)

CPOC ਨੇ ਸਾਂਝੇ ਫੈਸਲੇ ਲੈਣ ਦੀ ਵਿਆਖਿਆ ਕਰਨ ਲਈ ਇੱਕ ਐਨੀਮੇਸ਼ਨ ਤਿਆਰ ਕੀਤੀ ਹੈ।
www.cpoc.org.uk/shared-decision-making

ਤੁਹਾਡੇ ਬੱਚੇ ਦੇ ਆਪਰੇਸ਼ਨ ਵਾਲੇ ਦਿਨ

ਤੁਹਾਡੇ ਬੱਚੇ ਨੂੰ ਖਾਣਾ-ਪੀਣਾ ਕਦੋਂ ਬੰਦ ਕਰਨਾ ਚਾਹੀਦਾ ਹੈ, ਇਸ ਬਾਰੇ ਹਸਪਤਾਲ ਨੂੰ ਤੁਹਾਨੂੰ ਸਪਸ਼ਟ ਨਿਰਦੇਸ਼ ਦੇਣੇ ਚਾਹੀਦੇ ਹਨ। ਤੁਹਾਡੇ ਅਤੇ ਤੁਹਾਡੇ ਬੱਚੇ ਲਈ ਇਹਨਾਂ ਹਦਾਇਤਾਂ ਨੂੰ ਮੰਨਣਾ ਜ਼ਰੂਰੀ ਹੈ।

ਐਨੱਸਥੈਟਿਕ (ਬੇਹੋਸ਼ੀ) ਦੇ ਦੌਰਾਨ ਜੇਕਰ ਤੁਹਾਡੇ ਬੱਚੇ ਦੇ ਪੇਟ ਵਿੱਚ ਖਾਣਾ ਜਾਂ ਤਰਲ ਪਦਾਰਥ ਹੈ, ਤਾਂ ਇਹ ਗਲੇ ਵਿੱਚ ਵਾਪਸ ਆ ਕੇ ਉਹਦੇ ਫੇਫੜਿਆਂ ਵਿੱਚ ਜਾ ਸਕਦਾ ਹੈ। ਜੇਕਰ ਤੁਹਾਡੇ ਬੱਚੇ ਨੇ ਹੁਣੇ-ਹੁਣੇ ਭੋਜਨ ਕੀਤਾ ਹੈ ਤਾਂ ਆਪਰੇਸ਼ਨ ਵਿੱਚ ਦੇਰੀ ਕੀਤੀ ਜਾਵੇਗੀ ਜਾਂ ਕਿਸੇ ਹੋਰ ਦਿਨ ਲਈ ਟਾਲ ਦਿੱਤਾ ਜਾਵੇਗਾ।

ਜੇਕਰ ਬੱਚਿਆਂ ਨੂੰ ਖਾਣ ਅਤੇ ਪੀਣ ਲਈ ਲੰਬੇ ਸਮੇਂ ਤੱਕ ਉਡੀਕ ਨਾ ਕਰਨੀ ਪਵੇ ਤਾਂ ਉਹ ਜ਼ਿਆਦਾ ਵਧੀਆ ਮਹਿਸੂਸ ਕਰਦੇ ਹਨ। ਕੁਝ ਹਸਪਤਾਲ ਬੱਚਿਆਂ ਨੂੰ ਪਹੁੰਚਣ 'ਤੇ ਕੁਝ ਪੀਣ ਦੀ ਇਜਾਜ਼ਤ ਦਿੰਦੇ ਹਨ ਜਾਂ ਇਸਦੇ ਲਈ ਉਤਸ਼ਾਹਿਤ ਕਰਦੇ ਹਨ।

ਗ਼ੈਰ-ਜ਼ਰੂਰੀ ਸਰਜਰੀ ਤੋਂ ਪਹਿਲਾਂ, ਹੇਠਾਂ ਦਿੱਤੀ ਆਮ ਸਹਿਮਤੀ ਵਾਲੀ ਸਮਾਂ-ਸਾਰਣੀ ਅਨੁਸਾਰ ਤੁਸੀਂ ਆਪਣੇ ਬੱਚੇ ਨੂੰ ਖਾਣ ਪੀਣ ਲਈ ਦੇ ਸਕਦੇ ਹੋ, ਪਰ ਕਿਰਪਾ ਕਰਕੇ ਹਸਪਤਾਲ ਦੁਆਰਾ ਤੁਹਾਨੂੰ ਦਿੱਤੀਆਂ ਹਦਾਇਤਾਂ ਨੂੰ ਮੰਨੋ, ਕਿਉਂਕਿ ਉਹ ਅਲੱਗ ਹੋ ਸਕਦੀਆਂ ਹਨ।

- ਬੱਚਿਆਂ ਨੂੰ ਸਰਜਰੀ ਤੋਂ ਛੇ ਘੰਟੇ ਪਹਿਲਾਂ ਹਲਕਾ ਖਾਣਾ ਅਤੇ/ਜਾਂ ਇੱਕ ਗਲਾਸ ਦੁੱਧ ਦਿੱਤਾ ਜਾ ਸਕਦਾ ਹੈ। ਇਸ ਤੋਂ ਬਾਅਦ ਉਹਨਾਂ ਨੂੰ ਮਠਿਆਈਆਂ ਸਮੇਤ ਕੋਈ ਵੀ ਚੀਜ਼ ਬਿਲਕੁਲ ਨਹੀਂ ਖਾਣੀ ਚਾਹੀਦੀ ਅਤੇ ਉਹਨਾਂ ਨੂੰ ਚਿਊਇੰਗ ਗਮ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ।
- ਛੋਟੇ ਦੁੱਧ ਪੀਂਦੇ ਬਾਲਕਾਂ ਨੂੰ ਉਹਨਾਂ ਦੀ ਸਰਜਰੀ ਤੋਂ ਚਾਰ ਘੰਟੇ ਪਹਿਲਾਂ ਛਾਤੀ ਦਾ ਦੁੱਧ ਪਿਲਾਇਆ ਜਾ ਸਕਦਾ ਹੈ।
- ਬੋਤਲ ਨਾਲ ਦੁੱਧ ਪੀਣ ਵਾਲੇ ਬੱਚੇ ਸਰਜਰੀ ਤੋਂ ਛੇ ਘੰਟੇ ਪਹਿਲਾਂ ਫਾਰਮੂਲਾ ਦੁੱਧ ਲੈ ਸਕਦੇ ਹਨ। (ਕਿਰਪਾ ਕਰਕੇ ਬਹੁਤ ਛੋਟੇ ਬੱਚਿਆਂ ਜਾਂ ਸਮੇਂ ਤੋਂ ਪਹਿਲਾਂ ਜਨਮ ਲੈਣ ਵਾਲੇ ਬੱਚਿਆਂ ਲਈ ਕੋਈ ਵੀ ਵੱਖਰੀਆਂ ਹਦਾਇਤਾਂ ਬਾਰੇ ਆਪਣੇ ਹਸਪਤਾਲ ਤੋਂ ਪਤਾ ਕਰੋ)।
- ਬੱਚਿਆਂ ਨੂੰ ਆਪਣੀ ਸਰਜਰੀ ਤੋਂ ਇੱਕ ਘੰਟਾ ਪਹਿਲਾਂ ਤੱਕ ਪਾਣੀ ਜਾਂ ਬਹੁਤ ਪਤਲਾ ਸ਼ਰਬਤ ਪੀਣਾ ਜਾਰੀ ਰੱਖਣਾ ਚਾਹੀਦਾ ਹੈ। ਇਹ ਉਹਨਾਂ ਨੂੰ ਪਾਣੀ ਦੀ ਕਮੀ ਤੋਂ ਬਚਾਅ ਅਤੇ ਆਰਾਮਦੇਹ ਰੱਖਣ ਵਿੱਚ ਮਦਦ ਕਰੇਗਾ।

ਸਰਜਰੀ ਵਾਲੇ ਦਿਨ ਤੁਹਾਡੇ ਬੱਚੇ ਨੂੰ ਹਦਾਇਤ ਅਨੁਸਾਰ ਦਵਾਈਆਂ ਲੈਣੀਆਂ ਚਾਹੀਦੀਆਂ ਹਨ।

ਜਦੋਂ ਤੁਸੀਂ ਹਸਪਤਾਲ ਆਓਗੇ ਤੁਹਾਡੇ ਬੱਚੇ ਦਾ ਭਾਰ ਤੋਲਿਆ ਜਾਵੇਗਾ (ਜੇਕਰ ਪਿਛਲੀ ਮੁਲਾਕਾਤ ਦੌਰਾਨ ਨਾ ਕੀਤਾ ਗਿਆ ਹੋਵੇ)। ਇੱਕ ਨਰਸ ਬੱਚੇ ਦੇ ਤਾਪਮਾਨ, ਨਬਜ਼ ਅਤੇ ਸਾਹ ਦੀ ਦਰ ਦੀ ਜਾਂਚ ਕਰੇਗੀ ਅਤੇ ਉਸ ਦੇ ਆਕਸੀਜਨ ਪੱਧਰ ਅਤੇ ਬਲੱਡ ਪ੍ਰੈਸ਼ਰ ਨੂੰ ਮਾਪੇਗੀ।

12 ਸਾਲਾਂ ਤੋਂ ਵੱਧ ਉਮਰ ਦੀ ਕੋਈ ਵੀ ਲੜਕੀ ਦਾ ਇੱਕ ਰਵਾਇਤੀ ਗਰਭ ਟੈਸਟ ਉਸਦੇ ਪਿਸ਼ਾਬ ਦੇ ਨਮੂਨੇ ਦੁਆਰਾ ਕੀਤਾ ਜਾਵੇਗਾ। ਹੋਰ ਜਾਣਕਾਰੀ ਇੱਥੇ ਮਿਲ ਸਕਦੀ ਹੈ: https://bit.ly/NHS-Leaflet

ਨਰਸ ਦਵਾਈਆਂ ਅਤੇ ਅਲਰਜੀਆਂ ਬਾਰੇ ਪੁੱਛੇਗੀ ਅਤੇ ਤੁਹਾਡੇ ਬੱਚੇ ਦੇ ਗੁੱਟ ਜਾਂ ਗਿੱਟੇ ਤੇ ਦੋ ਸ਼ਨਾਖਤੀ ਬੈਂਡ ਬੰਨ੍ਹੇਗੀ। ਜੇਕਰ ਤੁਹਾਡੇ ਬੱਚੇ ਨੂੰ ਕੋਈ ਅਲਰਜੀ ਹੈ ਤਾਂ ਕੁਝ ਹਸਪਤਾਲ, ਇੱਕ ਵਾਧੂ, ਜਾਂ ਇੱਕ ਅਲੱਗ ਰੰਗ ਦਾ ਬੈਂਡ ਬੰਨ੍ਹਣਗੇ।

ਇੱਕ ਐਨੱਸਥੈਟਿਕ ਡਾਕਟਰ ਤੁਹਾਡੇ ਬੱਚੇ ਦੇ ਐਨੱਸਥੈਟਿਕ (ਬੇਹੋਸ਼ ਕਰਨ ਦੀ ਦਵਾਈ) ਬਾਰੇ ਵਿਚਾਰ ਕਰਨ ਲਈ ਪ੍ਰਕਿਰਿਆ ਤੋਂ ਪਹਿਲਾਂ ਤੁਹਾਡੇ ਤੱਕ ਪਹੁੰਚ ਕਰੇਗਾ।

ਐਨੱਸਥੈਟਿਕ ਡਾਕਟਰ ਲਈ ਬੱਚੇ ਦੀ ਸਿਹਤ ਨਾਲ ਜੁੜੀਆਂ ਹੋਈਆਂ ਸਭ ਚੀਜ਼ਾਂ ਬਾਰੇ ਜਾਣਨਾ ਜ਼ਰੂਰੀ ਹੁੰਦਾ ਹੈ, ਜਿਵੇਂ ਕਿ:

- ਐਨੱਸਥੀਜ਼ੀਆ (ਬੇਹੋਸ਼ ਕਰਨ) ਦੇ ਪਿਛਲੇ ਅਨੁਭਵ
- ਤੁਹਾਡਾ ਬੱਚਾ ਕਿਹੜੀਆਂ ਦਵਾਈਆਂ ਲੈ ਰਿਹਾ ਹੈ
- ਕੀ ਬੱਚੇ ਨੂੰ ਕੋਈ ਅਲਰਜੀ ਹੈ
- ਹਾਲ ਹੀ ਵਿੱਚ ਹੋਏ ਖਾਂਸੀ, ਜ਼ੁਕਾਮ ਜਾਂ ਦਸਤ ਅਤੇ ਉਲਟੀ ਆਉਣਾ।

ਜੇਕਰ ਤੁਹਾਡੇ ਬੱਚੇ ਜਾਂ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਐਨੱਸਥੈਟਿਕ ਨਾਲ ਕੋਈ ਸਮੱਸਿਆ ਹੋ ਚੁੱਕੀ ਹੋਵੇ, ਇਸ ਬਾਰੇ ਐਨੱਸਥੈਟਿਕ ਡਾਕਟਰ ਨੂੰ ਦੱਸਣਾ ਅਤੇ ਤੁਹਾਡੇ ਕੋਲ ਜਾਂ ਤੁਹਾਡੇ ਕਿਸੇ ਰਿਸ਼ਤੇਦਾਰ ਕੋਲ ਇਸ ਨਾਲ ਸਬੰਧਿਤ ਸਾਰੀ ਜਾਣਕਾਰੀ ਦੇਣਾ ਬਹੁਤ ਜ਼ਰੂਰੀ ਹੈ।

ਜੇਕਰ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਐਨੱਸਥੈਟਿਕ ਬਾਰੇ ਕੋਈ ਵੀ ਖਾਸ ਚਿੰਤਾਵਾਂ ਹਨ ਤਾਂ ਉਹਨਾਂ ਬਾਰੇ ਗੱਲ ਕਰਨ ਲਈ ਇਹ ਸਮਾਂ ਸਭ ਤੋਂ ਵਧੀਆ ਹੋਵੇਗਾ। ਤੁਹਾਨੂੰ ਉਹਨਾਂ ਸਵਾਲਾਂ ਦੀ ਸੂਚੀ ਬਣਾਉਣ ਨਾਲ ਮਦਦ ਮਿਲ ਸਕਦੀ ਹੈ ਜੋ ਤੁਸੀਂ ਪੁੱਛਣਾ ਚਾਹੁੰਦੇ ਹੋ।

ਤੁਹਾਡੇ ਬੱਚੇ ਦੀ ਸਰਜਰੀ ਦੀ ਕਿਸਮ 'ਤੇ ਨਿਰਭਰ ਕਰਦੇ ਹੋਏ, ਜਦੋਂ ਬੱਚਾ ਸੌਂ ਰਿਹਾ ਹੋਵੇਗਾ ਉਸ ਸਮੇਂ ਐਨੱਸਥੈਟਿਕ ਡਾਕਟਰ ਸਥਾਨਕ ਐਨੱਸਥੈਟਿਕ (ਬੇਹੋਸ਼ ਕਰਨ ਦੀ ਦਵਾਈ) ਨਾਲ ਨਾੜੀਆਂ ਨੂੰ ਵੀ ਸੁੰਨ ਕਰ ਸਕਦਾ ਹੈ ਤਾਂ ਜੋ ਉਸਨੂੰ ਬਾਅਦ ਵਿੱਚ ਦਰਦ ਤੋਂ ਰਾਹਤ ਮਿਲ ਸਕੇ।

ਉਸ ਨੂੰ ਵਾਧੂ ਡ੍ਰਿਪਾਂ ਜਾਂ ਕੈਨਿਉਲਾ ਦੀ ਲੋੜ ਵੀ ਪੈ ਸਕਦੀ ਹੈ। ਉਹ ਤੁਹਾਡੇ ਨਾਲ ਅਜਿਹਾ ਕਰਨ ਦੇ ਕਾਰਨਾਂ ਅਤੇ ਤੁਹਾਡੇ ਬੱਚੇ ਨੂੰ ਉਸਦੀ ਨੀਂਦ (ਬੇਹੋਸ਼ੀ) ਦੌਰਾਨ ਸੁਰੱਖਿਅਤ ਰੱਖਣ ਅਤੇ ਹੋਸ਼ ਆਉਣ ਤੋਂ ਬਾਅਦ ਅਰਾਮਦੇਹ ਮਹਿਸੂਸ ਕਰਨ ਵਿੱਚ ਇਹਨਾਂ ਉਪਕਰਣਾਂ ਦੀ ਅਹਿਮੀਅਤ ਬਾਰੇ ਵਿਚਾਰ-ਵਟਾਂਦਰਾ ਕਰਨਗੇ।

ਆਪਰੇਸ਼ਨ ਜਾਂ ਨਿਰੀਖਣ ਵਿੱਚ ਦੇਰੀ ਕਰਨਾ

ਕਦੇ-ਕਦਾਈਂ ਤੁਹਾਡੇ ਬੱਚੇ ਦੇ ਮੁਲਾਂਕਣ ਦੌਰਾਨ, ਐਨੱਸਥੈਟਿਕ ਡਾਕਟਰ ਤੁਹਾਡੇ ਬੱਚੇ ਬਾਰੇ ਕੁਝ ਅਜਿਹਾ ਜਾਣ ਸਕਦਾ ਹੈ ਜਿਸ ਕਾਰਨ ਉਸ ਦਿਨ ਪ੍ਰਕਿਰਿਆ ਨਾ ਕਰਨਾ ਵਧੇਰੇ ਸੁਰੱਖਿਅਤ ਹੋਵੇਗਾ। ਜੇ ਅਜਿਹਾ ਹੁੰਦਾ ਹੈ, ਤਾਂ ਉਹ ਦੱਸਣਗੇ ਕਿ ਕੀ ਇਸ ਪ੍ਰਕਿਰਿਆ ਨਾਲ ਅੱਗੇ ਵਧਣਾ ਸੁਰੱਖਿਅਤ ਰਹੇਗਾ ਅਤੇ ਇਸਦੀ ਉਮੀਦ ਕਦੋਂ ਕਰਨੀ ਚਾਹੀਦੀ ਹੈ।

ਪ੍ਰੀਮੈਡੀਕੇਸ਼ਨ ('ਆਪ੍ਰੇਸ਼ਨ ਦੀ ਤਿਆਰੀ ਲਈ ਦਵਾਈ')

ਇਹ ਉਹਨਾਂ ਦਵਾਈਆਂ ਦੇ ਨਾਮ ਹਨ ਜੋ ਐਨੱਸਥੈਟਿਕ ਤੋਂ ਪਹਿਲਾਂ ਦਿੱਤੀਆਂ ਜਾਂਦੀਆਂ ਹਨ।

ਐਨੱਸਥੈਟਿਕ ਡਾਕਟਰ ਤੁਹਾਡੇ ਬੱਚੇ ਨੂੰ ਅਰਾਮ ਦੇਣ ਵਿੱਚ ਮਦਦ ਕਰਨ ਲਈ ਸੈਡੇਟਿਵ ਦਵਾਈ ਦੀ ਲੋੜ ਬਾਰੇ ਤੁਹਾਡੇ ਨਾਲ ਚਰਚਾ ਕਰ ਸਕਦਾ ਹੈ। ਹਾਲਾਂਕਿ, ਇਹ ਨਿਯਮਿਤ ਤੌਰ 'ਤੇ ਨਹੀਂ ਦਿੱਤੀਆਂ ਜਾਂਦਿਆਂ ਕਿਉਂਕਿ ਆਪਰੇਸ਼ਨ ਤੋਂ ਬਾਅਦ ਇਹ ਬੱਚੇ ਨੂੰ ਸੁਸਤ ਕਰ ਸਕਦੀਆਂ ਹਨ। ਦਰਦ ਤੋਂ ਰਾਹਤ ਵਾਲੀਆਂ ਦਵਾਈਆਂ ਨੂੰ ਆਪ੍ਰੇਸ਼ਨ ਦੀ ਤਿਆਰੀ ਲਈ ਦਵਾਈ (ਪ੍ਰੀ-ਮੈੱਡ) ਵਜੋਂ ਵੀ ਦਿੱਤਾ ਜਾ ਸਕਦਾ ਹੈ ਜਾਂ ਐਨੱਸਥੈਟਿਕ ਡਾਕਟਰ ਦਮੇ ਵਰਗੀਆਂ ਸਥਿਤੀਆਂ ਲਈ ਵਾਧੂ ਇਲਾਜ ਦਾ ਸੁਝਾਅ ਦੇ ਸਕਦਾ ਹੈ।

ਆਪ੍ਰੇਸ਼ਨ ਦੀ ਤਿਆਰੀ ਲਈ ਜ਼ਿਆਦਾਤਰ ਦਵਾਈਆਂ ਮੂੰਹ ਰਾਹੀਂ ਤਰਲ ਦਵਾਈਆਂ ਵਜੋਂ ਦਿੱਤੀਆਂ ਜਾਂਦੀਆਂ ਹਨ, ਪਰ ਕੁਝ ਹਸਪਤਾਲ ਹੋਰ ਤਰੀਕੇ ਵਰਤਦੇ ਹਨ।

ਸਥਾਨਕ ਐਨੱਸਥੈਟਿਕ ਮਲ੍ਹਮ

ਲਗਭਗ ਸਾਰੇ ਬੱਚਿਆਂ ਨੂੰ ਸੁੰਨ ਕਰਨ ਵਾਲੀ ਕਰੀਮ ਉਹਨਾਂ ਦੇ ਹੱਥਾਂ ਦੇ ਪਿਛਲੇ ਪਾਸੇ ਲਾਈ ਜਾਵੇਗੀ ਅਤੇ ਇਸਨੂੰ ਸਾਫ਼ ਡ੍ਰੈਸਿੰਗ ਨਾਲ ਢੱਕਿਆ ਜਾਵੇਗਾ। ਇਹ ਇੱਕ ਆਮ ਮਿਲਣ ਵਾਲੀ ਸਥਾਨਕ ਐਨੱਸਥੈਟਿਕ (ਸੁੰਨ ਕਰਨ ਵਾਲੀ) ਮਲ੍ਹਮ ਹੈ ਜੋ 30-60 ਮਿੰਟਾਂ ਤੱਕ ਕੰਮ ਕਰਦੀ ਹੈ।

ਇਹ ਮਲ੍ਹਮ ਤੁਹਾਡੇ ਬੱਚੇ ਦੇ ਹੱਥ ਜਾਂ ਬਾਂਹ ਵਿੱਚ ਕੈਨਿਉਲਾ ਲਗਾਏ ਜਾਣ ਸਮੇਂ ਉਸਦੇ ਅਹਿਸਾਸ ਨੂੰ ਘਟਾਉਂਦੀ ਹੈ।

ਜੇਕਰ ਮਲ੍ਹਮ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ ਹੈ, ਤਾਂ ਉਸ ਦੀ ਥਾਂ ਜਗ੍ਹਾ ਨੂੰ ਸੁੰਨਣ ਕਰਨ ਲਈ ਇੱਕ ਸਥਾਨਕ ਐਨੱਸਥੈਟਿਕ ਕੋਲਡ ਸਪ੍ਰੇਅ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਆਪਰੇਸ਼ਨ ਥੀਏਟਰ ਜਾਣਾ

ਆਪਰੇਟਿੰਗ ਥੀਏਟਰ ਜਾ ਰਹੇ ਬੱਚਿਆਂ ਨੂੰ ਪਹਿਨਣ ਲਈ ਹਸਪਤਾਲ ਵੱਲੋਂ ਰੰਗਦਾਰ ਗਾਉਨ ਦਿੱਤੇ ਜਾਂਦੇ ਹਨ। ਤੁਹਾਡਾ ਬੱਚਾ ਸ਼ਾਇਦ ਆਪਣੇ ਕਪੜੇ ਜਾਂ ਪਜਾਮਾ ਪਹਿਨ ਸਕਦਾ ਹੈ। ਉਹ ਲੋੜ ਅਨੁਸਾਰ ਨੈਪੀ ਜਾਂ ਪੁੱਲ-ਅੱਪਸ ਪਹਿਨ ਸਕਦਾ ਹੈ। ਕਿਹੜੇ ਅੰਡਰਵੀਅਰ ਪਹਿਨੇ ਜਾ ਸਕਦੇ ਹਨ, ਇਸਦੀ ਸਲਾਹ ਤੁਹਾਨੂੰ ਤੁਹਾਡੀ ਨਰਸ ਦੇਵੇਗੀ।

ਤੁਹਾਡਾ ਬੱਚਾ ਐਨੱਸਥੈਟਿਕ ਵਾਲੇ ਕਮਰੇ (ਬੇਹੋਸ਼ ਕਰਨ ਵਾਲੇ) ਵਿੱਚ ਪੈਦਲ, ਬਿਸਤਰੇ 'ਤੇ, ਵ੍ਹੀਲਚੇਅਰ ਜਾਂ ਹਸਪਤਾਲ ਦੀ ਟ੍ਰਾਲੀ 'ਤੇ ਜਾ ਸਕਦਾ ਹੈ ਜਾਂ ਉਸਨੂੰ ਚੁੱਕ ਕੇ ਲਿਜਾਇਆ ਜਾਵੇਗਾ। ਕੁਝ ਯੂਨਿਟ ਲਿਜਾਣ ਲਈ ਮਜ਼ੇਦਾਰ ਢੰਗ-ਤਰੀਕੇ ਪੇਸ਼ ਕਰਦੇ ਹਨ। ਕੁਝ ਹਸਪਤਾਲ ਜਾਣ ਲਈ ਇੱਕ ਬਿਜਲਈ ਕਾਰ ਵਿੱਚ ਸਵਾਰੀ ਦੀ ਪੇਸ਼ਕਸ਼ ਕਰ ਸਕਦੇ ਹਨ।

ਐਨੱਸਥੈਟਿਕ ਵਾਲੇ ਕਮਰੇ ਵਿੱਚ

ਕੋਈ ਨਰਸ ਜਾਂ ਸਿਹਤ ਸੰਭਾਲ ਪ੍ਰੈਕਟੀਸ਼ਨਰ ਜਿਵੇਂ ਕਿ ਖੇਡ ਸਪੈਸ਼ਲਿਸਟ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਵਾਰਡ ਤੋਂ ਐਨੱਸਥੈਟਿਕ ਵਾਲੇ ਕਮਰੇ ਤੱਕ ਲੈ ਕੇ ਜਾਣ ਲਈ ਤੁਹਾਡੇ ਨਾਲ ਜਾਣਗੇ। ਤੁਹਾਡਾ ਬੱਚਾ ਕੋਈ ਖਿਡੌਣਾ ਜਾਂ ਨਰਮ ਉਨੀ ਗੁੱਡਾ ਲਿਜਾ ਸਕੇਗਾ। ਮੋਬਾਈਲ ਫੋਨ ਜਾਂ ਟੈਬਲੇਟ ਖਾਸ ਤੌਰ 'ਤੇ ਖੇਡਾਂ ਜਾਂ ਬੱਚਿਆਂ ਦੇ ਮਨਪਸੰਦ ਸ਼ੋਅ ਉਨ੍ਹਾਂ ਦਾ ਧਿਆਨ ਭਟਕਾਉਣ ਲਈ ਉਪਯੋਗੀ ਹੋ ਸਕਦੇ ਹਨ।

ਜੇਕਰ ਤੁਸੀਂ ਚਾਹੋ, ਜਦੋਂ ਤੁਹਾਡੇ ਬੱਚੇ ਨੂੰ ਐਨੱਸਥੈਟਿਕ ਦਿੱਤਾ ਜਾਵੇਗਾ ਤਾਂ ਤੁਸੀਂ ਉਸ ਨੂੰ ਸ਼ਾਂਤ ਕਰਨ ਲਈ ਉਸਦੇ ਨਾਲ ਰਹਿ ਸਕਦੇ ਹੋ। ਅਜਿਹੇ ਹਾਲਾਤ ਬਹੁਤ ਘੱਟ ਹੀ ਹੁੰਦੇ ਹਨ ਜਦੋਂ ਇਹ ਸੰਭਵ ਨਹੀਂ ਹੋਵੇਗਾ।

ਜੇਕਰ ਤੁਸੀਂ ਖੁਦ ਬਹੁਤ ਚਿੰਤਤ ਹੋ, ਤਾਂ ਤੁਹਾਨੂੰ ਆਪਣੇ ਬੱਚੇ ਦੇ ਨਾਲ ਐਨੱਸਥੈਟਿਕ ਵਾਲੇ ਕਮਰੇ ਵਿੱਚ ਜਾਣ ਦੀ ਲੋੜ ਨਹੀਂ ਹੈ। ਪਰਿਵਾਰ ਦਾ ਕੋਈ ਹੋਰ ਬਾਲਗ ਮੈਂਬਰ ਜਾਂ ਇੱਕ ਵਾਰਡ ਨਰਸ ਜਾਂ ਪਲੇ ਥੈਰੇਪਿਸਟ ਉਸਦੇ ਨਾਲ ਜਾ ਸਕਣਗੇ। ਕੁਝ ਦੇਖਭਾਲ ਕਰਨ ਵਾਲਿਆਂ ਨੂੰ ਆਪਣੇ ਬੱਚੇ ਨੂੰ ਬੇਹੋਸ਼ੀ ਜਾਂ ਸੁੰਨ ਕਰਨ ਦੀ ਦਵਾਈ ਦਿੰਦੇ ਦੇਖ ਕੇ ਪਰੇਸ਼ਾਨੀ ਹੁੰਦੀ ਹੈ - ਜੇਕਰ ਤੁਸੀਂ ਆਪਣੇ ਬੱਚੇ ਦੇ ਨਾਲ ਰਹਿ ਰਹੇ ਹੋ ਤਾਂ ਇਸ ਗੱਲ ਲਈ ਤਿਆਰ ਰਹੋ ਕਿ ਤੁਸੀਂ ਖੁਦ ਥੋੜ੍ਹਾ ਜਿਹਾ ਭਾਵੁਕ ਮਹਿਸੂਸ ਕਰ ਸਕਦੇ ਹੋ।

ਜਦੋਂ ਤੁਹਾਡਾ ਬੱਚਾ ਟ੍ਰਾਲੀ ਤੇ ਲੇਟਿਆ ਹੋਵੇਗਾ ਉਸ ਸਮੇਂ ਐਨੱਸਥੈਟਿਕ ਸ਼ੁਰੂ ਕੀਤਾ ਜਾ ਸਕਦਾ ਹੈ। ਜ਼ਿਆਦਾ ਛੋਟੇ ਬੱਚੇ ਨੂੰ ਤੁਹਾਡੀ ਗੋਦ ਵਿੱਚ ਬੇਹੋਸ਼ ਜਾਂ ਸੁੰਨ ਕੀਤਾ ਜਾ ਸਕਦਾ ਹੈ। ਉਸਤੋਂ ਬਾਅਦ ਸਟਾਫ ਉਨ੍ਹਾਂ ਨੂੰ ਚੁਕ ਕੇ ਟਰਾਲੀ 'ਤੇ ਲਿਟਾਏਗਾ, ਜੇ ਤੁਸੀਂ ਯੋਗ ਹੋ ਤਾਂ ਕਈ ਵਾਰ ਤੁਹਾਡੀ ਮਦਦ ਨਾਲ।

ਜੇ ਐਨੱਸਥੈਟਿਕ ਸ਼ੁਰੂ ਕਰਨ ਲਈ ਕੈਨਿਉਲਾ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਤੁਹਾਡਾ ਬੱਚਾ ਆਮ ਤੌਰ 'ਤੇ ਬਹੁਤ ਜਲਦੀ ਬੇਹੋਸ਼ ਹੋ ਜਾਵੇਗਾ। ਕਦੇ-ਕਦਾਈਂ ਇਹ ਬਾਂਹ ਵਿੱਚ ਠੰਡਾ ਜਾਂ ਚੁਭਨ ਵਰਗਾ ਮਹਿਸੂਸ ਹੋ ਸਕਦਾ ਹੈ। ਐਨੱਸਥੈਟਿਕ ਡਾਕਟਰ ਬੇਹੋਸ਼ੀ ਨੂੰ ਜਾਰੀ ਰੱਖਣ ਲਈ ਮਾਸਕ ਦਾ ਉਪਯੋਗ ਕਰੇਗਾ ਅਤੇ ਬਚਾਅ ਲਈ ਵਾਧੂ ਆਕਸੀਜਨ ਮੁਹੱਈਆ ਕਰਵਾਈ ਜਾਵੇਗੀ।

ਜੇ ਐਨੱਸਥੈਟਿਕ ਦੀ ਸ਼ੁਰੂਆਤ ਗੈਸ ਨਾਲ ਕੀਤੀ ਜਾਂਦੀ ਹੈ, ਤਾਂ ਐਨੱਸਥੀਟਿਸਟ ਆਮ ਤੌਰ 'ਤੇ ਗੈਸ ਦੇਣ ਲਈ ਮਾਸਕ ਦੀ ਵਰਤੋਂ ਕਰਦਾ ਹੈ, ਜਾਂ ਉਹ ਤੁਹਾਡੇ ਬੱਚੇ ਦੇ ਨੱਕ ਅਤੇ ਮੂੰਹ 'ਤੇ ਹੌਲੀ ਜਿਹੇ ਰੱਖੇ ਹੋਏ ਹੱਥ ਰਾਹੀਂ ਗੈਸ ਨੂੰ ਸੁੰਘਾ ਸਕਦਾ ਹੈ। ਐਨੱਸਥੈਟਿਕ ਗੈਸਾਂ ਦੀ ਗੰਧ ਫੈਲਟ-ਟਿਪ ਪੈੱਨਾਂ ਵਰਗੀ ਹੁੰਦੀ ਹੈ।

ਤੁਹਾਡੇ ਬੱਚੇ ਨੂੰ ਬੇਹੋਸ਼ ਕਰ ਦਿੱਤੇ ਜਾਣ ਤੋਂ ਬਾਅਦ, ਐਨੱਸਥੈਟਿਕ ਡਾਕਟਰ ਇੱਕ ਕੈਨਿਉਲਾ ਪਾਏਗਾ ਤਾਂ ਜੋ ਉਹ ਇਸਦੇ ਰਾਹੀਂ ਦਰਦ ਤੋਂ ਰਾਹਤ ਦੇਣ ਵਾਲੀਆਂ ਲੋੜੀਂਦੀਆਂ ਅਤੇ ਐਨੱਸਥੈਟਿਕ ਦਵਾਈਆਂ ਦੇ ਸਕੇ।

ਐਨੱਸਥੈਟਿਕ ਦਾ ਅਸਰ ਸ਼ੁਰੂ ਹੋਣ ਵਿੱਚ ਆਮ ਤੌਰ ਤੇ ਬਹੁਤ ਥੋੜ੍ਹਾ ਸਮਾਂ ਲੱਗਦਾ ਹੈ (ਕੁਝ ਸਕਿੰਟਾਂ ਤੋਂ ਕੁਝ ਮਿੰਟਾਂ ਤੱਕ)। ਇਸ ਸਮੇਂ ਦੌਰਾਨ ਬੱਚੇ ਦਾ ਬੇਚੈਨ ਹੋਣਾ ਜਾਂ ਉਸਦੇ ਸਾਹ ਦੀ ਅਲੱਗ ਆਵਾਜ਼ ਹੋਣਾ ਬਿਲਕੁਲ ਆਮ ਗੱਲ ਹੈ।

ਅੱਗੇ ਕੀ ਹੋਵੇਗਾ?

ਜਦੋਂ ਹੀ ਤੁਹਾਡਾ ਬੱਚਾ ਸੌਂ ਜਾਂਦਾ ਹੈ, ਤਾਂ ਐਨੱਸਥੈਟਿਕ ਟੀਮ ਦਾ ਕੋਈ ਮੈਂਬਰ ਤੁਹਾਨੂੰ ਥੀਏਟਰ ਏਰੀਆ ਤੋਂ ਬਾਹਰ ਲੈ ਆਵੇਗਾ ਤਾਂ ਜੋ ਉਹ ਆਪਰੇਸ਼ਨ ਸ਼ੁਰੂ ਕਰ ਸਕਣ।

ਤੁਸੀਂ ਆਪਣੇ ਬੱਚੇ ਦੇ ਨਾਲ ਆਪਰੇਟਿੰਗ ਥੀਏਟਰ ਵਿੱਚ ਨਹੀਂ ਜਾ ਸਕੋਗੇ, ਪਰ ਐਨੱਸਥੈਟਿਕ ਡਾਕਟਰ ਸਾਰੀ ਪ੍ਰਕਿਰਿਆ ਦੌਰਾਨ ਉਸ ਦੇ ਨਾਲ ਰਹੇਗਾ ਅਤੇ ਤੁਹਾਡੇ ਬੱਚੇ ਦੇ ਬਲੱਡ ਪ੍ਰੈਸ਼ਰ, ਨਬਜ਼, ਸਾਹ ਕਿਰਿਆ ਅਤੇ ਆਕਸੀਜਨ ਪੱਧਰ ਦੀ ਨੇੜਿਓਂ ਨਿਗਰਾਨੀ ਕਰੇਗਾ, ਇਹ ਯਕੀਨੀ ਬਣਾਏਗਾ ਕਿ ਉਹ ਸੁਰੱਖਿਅਤ ਅਤੇ ਪੂਰੀ ਤਰ੍ਹਾਂ ਬੇਹੋਸ਼ ਹੋਵੇ।

ਹੁਣ ਤੁਹਾਡੇ ਆਪਣੇ ਲਈ ਇੱਥੋਂ ਜਾ ਕੇ ਖਾਣ-ਪੀਣ ਲਈ ਵਧੀਆ ਸਮਾਂ ਹੈ, ਪਰ ਸਟਾਫ ਨੂੰ ਦੱਸ ਕੇ ਜਾਓ ਕਿ ਤੁਸੀਂ ਜਾ ਰਹੇ ਹੋ ਅਤੇ ਉਹਨਾਂ ਨੂੰ ਮੋਬਾਈਲ ਫ਼ੋਨ ਨੰਬਰ ਦੇ ਕੇ ਜਾਓ ਜਿਸ 'ਤੇ ਤੁਹਾਡੇ ਨਾਲ ਸੰਪਰਕ ਕੀਤਾ ਜਾ ਸਕਦਾ ਹੋਵੇ।

ਆਪਰੇਸ਼ਨ ਤੋਂ ਬਾਅਦ

ਰਿਕਵਰੀ ਕਮਰੇ ਵਿੱਚ

ਜ਼ਿਆਦਾ ਬੱਚੇ ਰਿਕਵਰੀ ਕਮਰੇ ਵਿੱਚ ਹੋਸ਼ ਵਿੱਚ ਆ ਜਾਂਦੇ ਹਨ। ਜਦੋਂ ਉਹ ਨੀਂਦ ਤੋਂ ਜਾਗਣਗੇ ਤਾਂ ਉਹਨਾਂ ਦੇ ਕੈਨਿਉਲਾ ਨੂੰ ਸੁਰੱਖਿਅਤ ਰੱਖਣ ਅਤੇ ਨਜ਼ਰ ਨਾ ਆਉਣ ਲਈ ਉਸਦੇ ਉੱਪਰ ਇੱਕ ਪੱਟੀ ਬੰਨ੍ਹੀ ਜਾਵੇਗੀ।

ਰਿਕਵਰੀ ਦੇ ਦੌਰਾਨ, ਹਰੇਕ ਬੱਚੇ ਦੀ ਦੇਖਭਾਲ ਇੱਕ ਮਾਹਰ ਨਰਸ ਜਾਂ ਕਿਸੇ ਹੋਰ ਯੋਗ ਪ੍ਰੈਕਟੀਸ਼ਨਰ ਦੁਆਰਾ ਕੀਤੀ ਜਾਂਦੀ ਹੈ ਜੋ ਇਹ ਯਕੀਨੀ ਬਣਾਏਗਾ ਕਿ ਤੁਹਾਡਾ ਬੱਚਾ ਅਰਾਮਦੇਹ ਹੈ। ਜ਼ਰੂਰਤ ਪੈਣ 'ਤੇ ਉਹ ਦਰਦ ਤੋਂ ਰਾਹਤ ਅਤੇ ਜੀਅ ਕੱਚਾ ਹੋਣ ਤੋਂ ਮਦਦ ਲਈ ਦਵਾਈਆਂ ਦੇਣਗੇ। ਤੁਹਾਡੇ ਬੱਚੇ ਦੇ ਜਾਗਣ ਅਤੇ ਅਰਾਮਦੇਹ ਹਾਲਤ ਵਿੱਚ ਹੋਣ 'ਤੇ ਤੁਹਾਨੂੰ ਆਪਣੇ ਬੱਚੇ ਦੇ ਕੋਲ ਬੁਲਾਇਆ ਜਾਵੇਗਾ। ਐਨੱਸਥੈਟਿਕ ਡਾਕਟਰ ਨਜ਼ਦੀਕ ਹੀ ਹੁੰਦਾ ਹੈ ਅਤੇ ਜ਼ਰੂਰਤ ਪੈਣ 'ਤੇ ਮਦਦ ਕਰ ਸਕਦਾ ਹੈ।

ਜਾਗਣ 'ਤੇ ਪਰੇਸ਼ਾਨੀ

ਜਦੋਂ ਬੱਚੇ ਜਾਗਦੇ ਹਨ ਤਾਂ ਕੁਝ ਬੱਚਿਆਂ ਵਿੱਚ ਉਲਝਣ ਅਤੇ/ਜਾਂ ਪਰੇਸ਼ਾਨੀ ਦੇ ਕੁਝ ਲੱਛਣ ਦਿਖਾਈ ਦਿੰਦੇ ਹਨ। ਪ੍ਰੀ-ਸਕੂਲ ਦੀ ਉਮਰ ਦੇ ਛੋਟੇ ਬੱਚਿਆਂ ਵਿੱਚ ਇਸਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ।

ਕੁਝ ਬੱਚੇ ਬਹੁਤ ਘਬਰਾਏ ਹੋਏ ਜਾਂ ਪਰੇਸ਼ਾਨ ਹੋ ਸਕਦੇ ਹਨ, ਖਾਸ ਕਰਕੇ ਛੋਟੇ ਬੱਚੇ। ਉਹ ਰੋ ਸਕਦੇ ਹਨ ਅਤੇ ਲੋਟਣੀਆਂ ਖਾ ਸਕਦੇ ਹਨ ਜਾਂ ਆਪਣੀਆਂ ਲੱਤਾਂ ਬਾਂਹਾਂ ਮਾਰ ਸਕਦੇ ਹਨ। ਇਹ ਵਿਵਹਾਰ ਕਰੀਬ 30 ਮਿੰਟ ਤੱਕ ਰਹਿੰਦਾ ਹੈ ਅਤੇ ਕਦੀ-ਕਦਾਈਂ ਲੰਬਾ ਹੋ ਸਕਦਾ ਹੈ। ਰਿਕਵਰੀ ਕਮਰੇ ਦੇ ਕਰਮਚਾਰੀ ਜਾਣਦੇ ਹਨ ਕਿ ਇਸ ਸਮੇਂ ਬੱਚਿਆਂ ਨੂੰ ਕਿਵੇਂ ਸੰਭਾਲਣਾ ਹੈ। ਉਹ ਇਸ ਬਾਰੇ ਵਿਚਾਰ ਕਰਨਗੇ ਕਿ ਕੀ ਦਰਦ ਤੋਂ ਰਾਹਤ ਦੀ ਵਧੇਰੇ ਦਵਾਈ ਤੋਂ ਕੋਈ ਮਦਦ ਮਿਲੇਗੀ। ਉਹ ਤੁਹਾਨੂੰ ਸਲਾਹ ਦੇਣਗੇ ਕਿ ਤੁਸੀਂ ਆਪਣੇ ਬੱਚੇ ਨੂੰ ਕਿਸ ਤਰ੍ਹਾਂ ਆਰਾਮ ਅਤੇ ਦਿਲਾਸਾ ਦੇ ਸਕਦੇ ਹੋ।

ਜੇਕਰ ਬੱਚਾ ਤੰਗ ਹੋ ਕੇ ਜਾਗ ਜਾਂਦਾ ਹੈ ਤਾਂ ਇਹ ਕੁਦਰਤੀ ਤੌਰ 'ਤੇ ਮਾਪਿਆਂ ਲਈ ਚਿੰਤਾ ਦੀ ਗੱਲ ਹੁੰਦੀ ਹੈ। ਜੇ ਤੁਹਾਡੇ ਬੱਚੇ ਨੂੰ ਅਤੀਤ ਵਿੱਚ ਇਸ ਕਿਸਮ ਦੀ ਤਕਲੀਫ਼ ਦਾ ਅਨੁਭਵ ਹੋਇਆ ਹੈ ਤਾਂ ਇਸ ਬਾਰੇ ਤੁਹਾਡੇ ਐਨੱਸਥੈਟਿਕ ਡਾਕਟਰ ਨੂੰ ਦੱਸਣਾ ਚਾਹੀਦਾ ਹੈ, ਤਾਂ ਜੋ ਉਹ ਭਵਿੱਖ ਵਿੱਚ ਇਸ ਤੋਂ ਬਚਣ ਦੇ ਤਰੀਕਿਆਂ ਬਾਰੇ ਚਰਚਾ ਕਰ ਸਕਣ।

ਦਰਦ ਤੋਂ ਰਾਹਤ

ਇਹ ਯਕੀਨੀ ਬਣਾਉਣ ਲਈ ਕਿ ਤੁਹਾਡਾ ਬੱਚਾ ਜਿੰਨਾ ਸੰਭਵ ਹੋ ਸਕੇ ਆਰਾਮ ਨਾਲ ਜਾਗਦਾ ਹੈ, ਦਰਦ ਤੋਂ ਰਾਹਤ ਦੇਣ ਵਾਲੀਆਂ ਦਵਾਈਆਂ, ਅਤੇ ਕਈ ਵਾਰ ਬੇਹੋਸ਼ ਕਰਨ ਦੇ ਦੌਰਾਨ ਸਥਾਨਕ ਐਨੱਸਥੈਟਿਕ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਦਰਦ ਤੋਂ ਰਾਹਤ ਦੀ ਦਵਾਈ ਦੀ ਕਿਸਮ ਕੀਤੀ ਜਾਣ ਵਾਲੀ ਪ੍ਰਕਿਰਿਆ 'ਤੇ ਨਿਰਭਰ ਕਰੇਗੀ।

ਐਨੱਸਥੈਟਿਕ ਡਾਕਟਰ, ਸਰਜਨ ਅਤੇ / ਜਾਂ ਵਾਰਡ ਦਾ ਸਟਾਫ ਤੁਹਾਡੇ ਨਾਲ ਤੁਹਾਡੇ ਬੱਚੇ ਲਈ ਦਰਦ ਤੋਂ ਰਾਹਤ ਦੀ ਸਭ ਤੋਂ ਵਧੀਆ ਕਿਸਮ ਬਾਰੇ ਗੱਲ ਕਰਨਗੇ।

ਘਰ ਜਾਣਾ

ਆਪਰੇਸ਼ਨ ਜਾਂ ਪ੍ਰਕਿਰਿਆ ਦੇ ਦਿਨ ਤੁਹਾਡੇ ਬੱਚੇ ਲਈ ਘਰ ਵਾਪਸ ਆਉਣਾ ਅਕਸਰ ਸੰਭਵ ਹੁੰਦਾ ਹੈ, ਜੇ ਸਰਜਨ ਅਤੇ ਐਨੱਸਥੈਟਿਕ ਡਾਕਟਰ ਨੂੰ ਇਸ ਗੱਲ ਦੀ ਤਸੱਲੀ ਹੈ ਕਿ ਇਹ ਇਕ ਸੁਰੱਖਿਅਤ ਵਿਕਲਪ ਹੈ ਅਤੇ ਤੁਹਾਡਾ ਬੱਚਾ ਚੰਗੇ ਤਰੀਕੇ ਨਾਲ ਠੀਕ ਹੋ ਰਿਹਾ ਹੈ।

ਤੁਹਾਨੂੰ ਘਰ ਵਿੱਚ ਦਰਦ ਤੋਂ ਰਾਹਤ ਦੀਆਂ ਦਵਾਈਆਂ ਦੇਣ ਦੇ ਤਰੀਕੇ ਬਾਰੇ ਸਲਾਹ ਦਿੱਤੀ ਜਾਏਗੀ। ਜਦੋਂ ਤੁਹਾਡਾ ਬੱਚਾ ਘਰ ਵਿੱਚ ਰਿਕਵਰ ਕਰ ਰਿਹਾ ਹੋਵੇ ਤਾਂ ਇਸ ਗੱਲ ਤੋਂ ਵੀ ਫ਼ਾਇਦਾ ਹੁੰਦਾ ਹੈ ਕਿ ਬੱਚਿਆਂ ਦੇ ਪੈਰਾਸਿਟਾਮੋਲ ਅਤੇ ਆਈਬਿਊਪ੍ਰੋਫ਼ੈਨ ਦਾ ਸਟਾਕ ਘਰ ਵਿੱਚ ਹੋਵੇ। ਤੁਹਾਨੂੰ ਬੜੇ ਧਿਆਨ ਨਾਲ ਉਸ ਸਲਾਹ ਦੀ ਪਾਲਣਾ ਕਰਨੀ ਚਾਹੀਦੀ ਹੈ ਜੋ ਤੁਹਾਨੂੰ ਤੁਹਾਡੇ ਬੱਚੇ ਲਈ ਦਰਦ ਤੋਂ ਰਾਹਤ ਬਾਰੇ ਦਿੱਤੀ ਜਾਂਦੀ ਹੈ।

ਕੁਝ ਬੱਚੇ ਘਰ ਜਾਂਦੇ ਸਮੇਂ ਕਚਿਆਣ ਮਹਿਸੂਸ ਕਰਦੇ ਹਨ ਜਾਂ ਕਰ ਸਕਦੇ ਹਨ। ਇਸਦੇ ਲਈ ਤਿਆਰ ਰਹਿਣਾ ਲਾਭਦਾਇਕ ਰਹਿੰਦਾ ਹੈ!

ਜੇ ਆਪਰੇਸ਼ਨ ਵਾਲੇ ਦਿਨ ਤੁਸੀਂ ਆਪਣੇ ਬੱਚੇ ਨੂੰ ਘਰ ਲਿਜਾ ਰਹੇ ਹੋ, ਤਾਂ ਤੁਹਾਨੂੰ ਇਕ ਸੰਪਰਕ ਨੰਬਰ ਦਿੱਤਾ ਜਾਵੇਗਾ ਤਾਂ ਜੋ ਤੁਸੀਂ ਘਰ ਵਿਚ ਆਪਣੇ ਬੱਚੇ ਬਾਰੇ ਕੋਈ ਚਿੰਤਾਵਾਂ ਹੋਣ 'ਤੇ ਫ਼ੋਨ ਕਰ ਸਕੋ।

ਸਵਾਲ ਜੋ ਤੁਸੀਂ ਸ਼ਾਇਦ ਪੁੱਛਣਾ ਚਾਹੋ

ਜੇਕਰ ਤੁਹਾਡੇ ਕੋਲ ਆਪਣੇ ਬੱਚੇ ਦੀ ਐਨੱਸਥੈਟਿਕ ਦਵਾਈ (ਬੇਹੋਸ਼ ਜਾਂ ਸੁੰਨ ਕਰਨ ਵਾਲੀ ਦਵਾਈ) ਬਾਰੇ ਕੋਈ ਸਵਾਲ ਹਨ, ਤਾਂ ਉਹਨਾਂ ਨੂੰ ਲਿਖੋ (ਤੁਸੀਂ ਹੇਠਾਂ ਦਿੱਤੀਆਂ ਉਦਾਹਰਣਾਂ ਦੀ ਵਰਤੋਂ ਕਰ ਸਕਦੇ ਹੋ ਅਤੇ ਹੇਠਾਂ ਦਿੱਤੀ ਜਗ੍ਹਾ ਵਿੱਚ ਆਪਣੇ ਖੁਦ ਦੇ ਸਵਾਲ ਜੋੜ ਸਕਦੇ ਹੋ)। ਜੇ ਤੁਸੀਂ ਆਪਣੇ ਆਪਰੇਸ਼ਨ ਦੇ ਦਿਨ ਤੋਂ ਪਹਿਲਾਂ ਐਨੱਸਥੈਟਿਕ ਡਾਕਟਰ ਨਾਲ ਗੱਲ ਕਰਨੀ ਚਾਹੁੰਦੇ ਹੋ ਤਾਂ ਆਪਰੇਸ਼ਨ ਤੋਂ ਪਹਿਲਾਂ ਮੁਲਾਂਕਣ ਟੀਮ ਨਾਲ ਸੰਪਰਕ ਕਰੋ, ਜੋ ਫ਼ੋਨ ਉੱਤੇ ਐਨੱਸਥੈਟਿਕ ਡਾਕਟਰ ਨਾਲ ਤੁਹਾਡੀ ਗੱਲ ਕਰਵਾ ਸਕਦੇ ਹਨ ਜਾਂ ਕਲੀਨਿਕ ਵਿੱਚ ਉਸ ਨਾਲ ਮਿਲਣ ਦਾ ਪ੍ਰਬੰਧ ਕਰਵਾ ਸਕਦੇ ਹਨ।

1 **ਕੀ ਮੇਰੇ ਬੱਚੇ ਨੂੰ ਕੋਈ ਖਾਸ ਜੋਖਮ ਹੋ ਸਕਦੇ ਹਨ?**

2 **ਮੈਨੂੰ ਐਨੱਸਥੈਟਿਕ ਬਾਰੇ ਆਪਣੇ ਬੱਚੇ ਨਾਲ ਗੱਲ ਕਦੋਂ ਸ਼ੁਰੂ ਕਰਨੀ ਚਾਹੀਦੀ ਹੈ?**

3 **ਮੈਂ ਆਪਣੇ ਬੱਚੇ ਦੀ ਚਿੰਤਾ ਕਿਵੇਂ ਦੂਰ ਕਰ ਸਕਦਾ/ਸਕਦੀ ਹਾਂ?**

4 **ਮੇਰਾ ਬੱਚਾ ਕਦੋਂ ਸਕੂਲ ਵਾਪਸ ਜਾ ਸਕੇਗਾ?**

5 ...

6 ...

7 ...

ਬੇਦਾਅਵਾ

ਇਸ ਪਰਚੇ ਵਿੱਚ ਜਾਣਕਾਰੀ ਨੂੰ ਦਰੁਸਤ ਅਤੇ ਅੱਪ ਟੂ ਡੇਟ ਰੱਖਣ ਲਈ ਅਸੀਂ ਪੂਰਾ ਯਤਨ ਕੀਤਾ ਹੈ, ਪਰ ਅਸੀਂ ਇਸ ਦੀ ਗਾਰੰਟੀ ਨਹੀਂ ਦੇ ਸਕਦੇ ਹਾਂ। ਤੁਹਾਡੇ ਸਾਰੇ ਸਵਾਲਾਂ ਜਾਂ ਤੁਹਾਡੇ ਲਈ ਮਹੱਤਵਪੂਰਨ ਗੱਲਾਂ ਨਾਲ ਨਿਪਟਣ ਲਈ ਅਸੀਂ ਇਸ ਆਮ ਜਾਣਕਾਰੀ ਦੇ ਪੂਰਾ ਹੋਣ ਦੀ ਉਮੀਦ ਨਹੀਂ ਕਰਦੇ ਹਾਂ। ਤੁਹਾਡੇ ਕੋਲ ਮੌਜੂਦ ਆਪਣੀਆਂ ਚੋਣਾਂ ਅਤੇ ਤੁਹਾਡੇ ਕਿਸੇ ਵੀ ਫ਼ਿਕਰ ਦੇ ਬਾਰੇ ਇਸ ਪਰਚੇ ਨੂੰ ਗਾਈਡ ਵਜੋਂ ਵਰਤ ਕੇ ਆਪਣੀ ਮੈਡੀਕਲ ਟੀਮ ਨਾਲ ਚਰਚਾ ਕਰਨੀ ਚਾਹੀਦੀ ਹੈ। ਇਹ ਪਰਚੇ ਨੂੰ ਸਲਾਹ ਵਜੋਂ ਨਹੀਂ ਮੰਨਿਆ ਜਾਣਾ ਚਾਹੀਦਾ ਹੈ। ਇਸ ਨੂੰ ਕਿਸੇ ਵੀ ਕਾਰੋਬਾਰੀ ਜਾਂ ਵਪਾਰਕ ਮਕਸਦ ਲਈ ਨਹੀਂ ਵਰਤਿਆ ਜਾ ਸਕਦਾ ਹੈ। ਪੂਰੇ ਬੇਦਾਵੇ ਲਈ ਕਿਰਪਾ ਕਰਕੇ ਇੱਥੇ ਕਲਿੱਕ ਕਰੋ। (www.rcoa.ac.uk/patient-information/translations/punjabi).

ਸਾਰੇ ਅਨੁਵਾਦ ਨੂੰ Translators without Borders ਦੀ ਅਨੁਵਾਦ ਕਮਿਊਨਟੀ ਵਲੋਂ ਕੀਤੇ ਗਏ ਹਨ। ਇਹਨਾਂ ਅਨੁਵਾਦ ਦੀ ਕੁਆਲਟੀ ਨੂੰ ਜਿੰਨਾ ਵੀ ਸੰਭਵ ਹੋਵੇ ਉਲੱਥੇ ਦੇ ਦਰੁਸਤ ਹੋਣ ਲਈ ਚੈਕ ਕੀਤਾ ਗਿਆ, ਪਰ ਫੇਰ ਕੁਝ ਜਾਣਕਾਰੀ ਦੇ ਅਸ਼ੁੱਧ ਜਾਂ ਗ਼ਲਤ ਵਿਆਖਿਆ ਹੋਣ ਦਾ ਖ਼ਤਰਾ ਹੈ।

ਸਾਨੂੰ ਦੱਸੋ ਕਿ ਤੁਸੀਂ ਕੀ ਸੋਚਦੇ ਹੋ

ਜੇ ਤੁਹਾਡੀਆਂ ਕੋਈ ਆਮ ਟਿੱਪਣੀਆਂ ਹਨ, ਤਾਂ ਕਿਰਪਾ ਕਰਕੇ ਉਹਨਾਂ ਨੂੰ ਇੱਥੇ ਈਮੇਲ ਕਰੋ:
patientinformation@rcoa.ac.uk

Royal College of Anaesthetists
Churchill House, 35 Red Lion Square, London WC1R 4SG
020 7092 1500

www.rcoa.ac.uk

ਸੱਤਵਾਂ ਐਡੀਸ਼ਨ, ਅਕਤੂਬਰ 2023

ਪ੍ਰਕਾਸ਼ਨ ਦੀ ਮਿਤੀ ਤੋਂ ਤਿੰਨ ਸਾਲਾਂ ਦੇ ਅੰਦਰ ਇਸ ਪਰਚੇ ਦੀ ਸਮੀਖਿਆ ਕੀਤੀ ਜਾਵੇਗੀ।

© 2023 Royal College of Anaesthetists
ਇਸ ਪਰਚੇ ਦੀ ਨਕਲ ਮਰੀਜ਼ਾਂ ਲਈ ਜਾਣਕਾਰੀ ਸਮੱਗਰੀ ਤਿਆਰ ਕਰਨ ਦੇ ਉਦੇਸ਼ ਲਈ ਕੀਤੀ ਜਾ ਸਕਦੀ ਹੈ। ਕਿਰਪਾ ਕਰਕੇ ਇਸ ਮੂਲ ਸਰੋਤ ਦਾ ਹਵਾਲਾ ਦਿਓ। ਜੇਕਰ ਤੁਸੀਂ ਇਸ ਪਰਚੇ ਦਾ ਹਿੱਸਾ ਕਿਸੇ ਹੋਰ ਪ੍ਰਕਾਸ਼ਨ ਵਿੱਚ ਵਰਤਣਾ ਚਾਹੁੰਦੇ ਹੋ, ਤਾਂ ਢੁਕਵਾਂ ਧੰਨਵਾਦ ਪ੍ਰਗਟਾਉਣਾ ਜ਼ਰੂਰੀ ਹੈ ਅਤੇ ਲੋਗੋ, ਬ੍ਰਾਂਡਿੰਗ, ਚਿੱਤਰ ਅਤੇ ਆਈਕਨਾਂ ਨੂੰ ਜ਼ਰੂਰ ਹਟਾ ਦਿੱਤਾ ਜਾਣਾ ਚਾਹੀਦਾ ਹੈ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।